# ਪੰਜਾਬ ਸਰਕਾਰ
# ਸਕੂਲ ਸਿੱਖਿਆ ਵਿਭਾਗ, ਪੰਜਾਬ

ਵੱਲ

ਸਮੂਹ ਸਕੂਲ ਮੁੱਖੀ ਪੰਜਾਬ (ਵੈਬਸਾਇਟ ਰਾਹੀਂ)

ਮੀਮੋ ਨੰ. 10/164-17 ਸੈ.ਸਿ (6)/2020 9867
ਮਿਤੀ : 08-01-2020

**ਵਿਸ਼ਾ : ਸਕੂਲਾਂ ਤੋਂ ਲਏ ਜਾਣ ਵਾਲੇ ਫੰਡਾਂ ਸਬੰਧੀ।**

1.0 ਉਕਤ ਵਿਸ਼ੇ ਸਬੰਧੀ ਵਿਭਾਗ ਵੱਲੋਂ ਪੱਤਰ ਨੰਬਰ10/164-2017 ਸੈ.ਸਿ (6) ਮਿਤੀ 25-10-2018 ਅਤੇ ਇਸ ਤੋਂ ਇਲਾਵਾ ਮਾਰਜ਼ਨ ਵਿੱਚ ਦਿੱਤੇ ਹਵਾਲਿਆਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਕੂਲ ਮੁੱਖੀਆਂ ਦੇ ਨਾਲ ਹੋਈਆਂ ਵੱਖ-ਵੱਖ ਮੀਟਿੰਗਾਂ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਸਕੂਲਾਂ ਵਿੱਚ ਫੰਡਾਂ ਦੀ ਵਰਤੋਂ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਬਾਰੇ ਅਜੇ ਕੁਝ ਹੋਰ ਸਪਸ਼ਟੀਕਰਨ ਦੀ ਲੋੜ ਹੈ ਭਾਵੇਂ ਕਿ ਵਿਭਾਗ ਦੁਆਰਾ ਇਸ ਪ੍ਰਕਿਰਿਆ ਨੂੰ ਸਰਲ ਅਤੇ ਸੌਖਾ ਕਰ ਦਿੱਤਾ ਗਿਆ ਹੈ।

3.0 ਉਪਰੋਕਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਸਮੂਹ ਸਕੂਲ ਮੁੱਖੀਆਂ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹੇਠ ਲਿਖੇ ਅਨੁਸਾਰ ਹਦਾਇਤਾਂ ਕੀਤੀਆਂ ਜਾਂਦੀਆਂ ਹਨ।

ੳ) ਸਕੂਲ ਦੁਆਰਾ ਸਿਰਫ ਹੇਠਾਂ ਦਿੱਤੇ ਵੇਰਵੇ ਅਨੁਸਾਰ ਹੀ ਰਜਿਸਟਰ/ਕੈਸ਼ਬੁੱਕ ਮੇਨਟੇਨ ਕੀਤੀਆਂ ਜਾਣ:-

1) ਅਮਲਗਾਮੇਟਿਡ ਫੰਡ

2) ਸਪੋਰਟਸ ਫੰਡ

**ਅ) ਸਪੋਰਟਸ ਫੰਡ ਦਾ 80% ਹਿੱਸਾ ਦਫ਼ਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਿਖੇ ਸਲਾਨਾ ਜਮ੍ਹਾਂ ਕਰਵਾਏ ਜਾਣ ਤੋਂ ਬਾਅਦ ਬਾਕੀ ਦਾ 20% ਹਿੱਸਾ ਅਮਲਗਾਮੇਟਡ ਫੰਡ ਵਿੱਚ ਜਮ੍ਹਾਂ ਕਰਵਾਇਆ ਜਾਵੇ ਅਤੇ ਇੱਕ ਹੀ ਕੈਸ਼ਬੁੱਕ ਅਤੇ ਬੈਂਕ ਖਾਤਾ ਮੇਨਟੇਨ ਕੀਤਾ ਜਾਵੇ।**

ੲ) ਕੰਪਿਊਟਰ ਫੀਸ ਖਜਾਨੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ ਜਿਸ ਲਈ Complete Head of Account 0075 Miscellaneous General Services-00-101-Unclaimed Diposits-00 ਹੋਵੇਗਾ।

ਸ) ਕੰਪਿਊਟਰ ਫੀਸ, ਦਾਖਲਾ ਫੀਸ, ਪੁਨਰ ਦਾਖਲਾ ਫੀਸ, ਟਿਊਸ਼ਨ ਫੀਸ, ਗੈਰਹਾਜ਼ਰੀ ਜੁਰਮਾਨਾ, ਫੀਸ ਦੇਰੀ ਜੁਰਮਾਨਾ ਲਈ ਇੱਕ ਹੀ ਕੈਸ਼ਬੁੱਕ ਮੇਨਟੇਨ ਕੀਤੀ ਜਾਵੇਗੀ।

ਹ) ਸਮੂਹ ਫੰਡਜ਼ ਨੂੰ ਇਕੱਠਾ ਕਰਨ ਦੀ ਦਰ ਅਤੇ ਖਰਚ ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਹੀ ਹੋਣਗੀਆਂ। ਨਾਲ ਹੀ ਜੋ ਫੰਡਜ਼ ਅਮਲਗਾਮੇਟਿਡ ਫੰਡ ਵਿੱਚ ਮਰਜ ਕੀਤੇ ਗਏ ਹਨ ਲਈ ਕੈਸ਼ਬੁੱਕ ਦੇ ਨਾਲ ਲੈਜ਼ਰ ਵੀ ਮੇਨਟੇਨ ਕੀਤਾ ਜਾਵੇ।

4.0 ਉਪਰੋਕਤ ਤੋਂ ਇਲਾਵਾ ਸਕੂਲ ਦੇ ਵਿੱਚ ਜੇਕਰ ਕੋਈ ਹੋਰ ਫੰਡ ਲਿਆ ਜਾ ਰਿਹਾ ਹੈ ਜਾਂ ਪਹਿਲਾਂ ਤੋਂ ਲਿਆ ਗਿਆ ਹੈ ਅਤੇ ਉਹ ਸਕੂਲ/ਬੈਂਕ ਵਿੱਚ ਮੌਜੂਦ ਹੈ ਤਾਂ ਅਜਿਹੇ ਸਾਰੇ ਫੰਡਾਂ ਨੂੰ

ਅਮਲਗਾਮੇਟਿਡ ਫੰਡਾਂ ਵਿੱਚ ਜਮ੍ਹਾਂ ਕਰਵਾ ਦਿੱਤਾ ਜਾਵੇ ਅਤੇ ਇਸ ਨੂੰ ਅਮਲਗਾਮੇਟਿਡ ਫੰਡ ਹੀ ਸਮਝਿਆ ਜਾਵੇ।

5.0 ਅਮਲਗਾਮੇਟਿਡ ਫੰਡ ਨੂੰ ਖਰਚ ਕਰਨ ਦੀਆਂ ਵਿੱਤੀ ਪਾਵਰਾਂ ਪਹਿਲਾਂ ਜਾਰੀ ਪੱਤਰ ਨੰਬਰ 10/164-2017ਸੈ.ਸਿ (6) ਮਿਤੀ 13-10-2017 ਅਨੁਸਾਰ ਹੀ ਹੋਣਗੀਆਂ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ।**

ਪਿੱਠ ਅੰਕਣ ਨੰ: ਉਕਤ ਮਿਤੀ : 08/01/2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ)
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ)
4. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ।**

**ਮਾਰਜਨ:**

1. ਡਿ.ਐਸ.ਪੀ.ਡੀ./ਐਸ.ਐਸ.ਏ/2009/458-502 ਮਿਤੀ 04-01-2010
2. ਕੋਆਰਡੀ./ਐਸ.ਐਸ.ਏ/2010/33506-509 ਮਿਤੀ 23-04-2010
3. 10/164-2017 ਸੈ.ਸਿ(6) ਮਿਤੀ 13-10-2017
4. 10/164-2017 ਸੈ.ਸਿ(6)/314 ਮਿਤੀ 05-04-2018
5. 10/164-2017 ਸੈ.ਸਿ(6) ਮਿਤੀ 05-04-2018